## ਹੁਕਮ ਚੇਅਰਮੈਨ, ਪੰਜਾਬ ਸਕੂਲ ਸਿੱਖਿਆ ਬੋਰਡ

### ਐਸੋਸੀਏਸ਼ਨ ਸ਼ਾਖਾ

1. S. DESA SINGH MAJITHIA PUBLIC SCHOOL, MAJITHA, AMRITSAR
ਨੂੰ **ਦਸਵੀਂ** ਪੱਧਰ ਤੱਕ ਵਿਦਿਅਕ ਸਾਲ 2011-12 ਲਈ ਆਰਜੀ ਐਸੋਸੀਏਸ਼ਨ ਬੋਰਡ ਦੀ ਪ੍ਰਵਾਨਗੀ ਦੀ ਆਸ 'ਤੇ ਦਿੱਤੀ ਜਾਂਦੀ ਹੈ।

2. **ੳ) ਸੰਸਥਾ ਨੂੰ ਦਸਵੀਂ ਲਈ ਕੇਵਲ ਇੱਕ ਸੈਕਸ਼ਨ ਦੀ ਪ੍ਰਵਾਨਗੀ ਦਿੱਤੀ ਜਾਂਦੀ ਹੈ।**
**ਅ) ਅੱਠਵੀਂ/ਦਸਵੀਂ/ਬਾਰ੍ਹਵੀਂ (ਸਾਇੰਸ ਗਰੁੱਪ / ਕਾਮਰਸ ਗਰੁੱਪ) ਲਈ ਕੇਵਲ 50 ਵਿਦਿਆਰਥੀ ਅਤੇ ਹਿਊ: ਗਰੁੱਪ ਲਈ ਕੇਵਲ 60 ਵਿਦਿਆਰਥੀਆਂ ਦਾ ਇੱਕ ਸੈਕਸ਼ਨ ਮੰਨਣਯੋਗ ਹੋਵੇਗਾ।**
ੲ) ਪ੍ਰਾਪਤ ਕੀਤੀ ਐਸੋਸੀਏਸ਼ਨ ਦੇ ਨਿਰਧਾਰਤ ਸੈਕਸ਼ਨ ਅਨੁਸਾਰ ਹੀ ਸ੍ਰੇਣੀਵਾਈਜ਼ ਦਾਖਲਾ ਕੀਤਾ ਜਾਵੇ। ਨਿਰਧਾਰਿਤ ਗਿਣਤੀ ਤੋਂ ਵੱਧ ਵਿਦਿਆਰਥੀ/ਵਾਧੂ ਸੈਕਸ਼ਨ ਦੀ ਪ੍ਰਵਾਨਗੀ ਲਈ ਨਿਰਧਾਰਿਤ ਪ੍ਰੋਫਾਰਮੇ ਅਤੇ ਫੀਸ ਸਮੇਤ ਐਸੋਸੀਏਟ ਪੱਤਰ ਜਾਰੀ ਹੋਣ ਤੋਂ 10 ਦਿਨਾਂ ਦੇ ਅੰਦਰ ਅੰਦਰ ਅਪਲਾਈ ਕਰਨਾ ਜਰੂਰੀ ਹੈ। ਜੇਕਰ ਸੰਸਥਾ ਹਦਾਇਤਾਂ ਅਨੁਸਾਰ ਕਾਰਵਾਈ ਨਹੀਂ ਕਰਦੀ ਤਾਂ ਅਜਿਹੀ ਕੁਤਾਹੀ ਲਈ ਸੰਸਥਾ ਦੇ ਖਿਲਾਫ ਵਿਨਿਯਮਾਂ ਦੇ ਅਨੁਸਾਰ ਕਾਰਵਾਈ ਕੀਤੀ ਜਾਵੇਗੀ ਜਿਸ ਦੀ ਸਾਰੀ ਜਿੰਮੇਵਾਰੀ ਸੰਸਥਾ ਦੀ ਆਪਣੀ ਹੋਵੇਗੀ।

3. ਸੰਸਥਾ ਵੱਲੋਂ ਐਸੋਸੀਏਸ਼ਨ ਵਿਨਿਯਮਾਂ ਅਤੇ ਇਸ ਵਿੱਚ ਸਮੇਂ ਸਮੇਂ ਕੀਤੀਆਂ ਜਾਂਦੀਆਂ ਸੋਧਾਂ ਦੀ ਇੰਨ ਬਿੰਨ ਪਾਲਣਾ ਕੀਤੀ ਜਾਵੇ। ਵਿਨਿਯਮਾਂ ਦੀ ਕਿਸੇ ਵੀ ਸਟੇਜ ਤੇ ਕੀਤੀ ਗਈ ਉਲੰਘਣਾ ਨੂੰ ਗੰਭੀਰਤਾ ਨਾਲ ਲਿਆ ਜਾਵੇਗਾ ਅਤੇ ਸੰਸਥਾ ਵਿਰੁਧ ਵਿਨਿਯਮਾਂ ਅਧੀਨ ਕਾਰਵਾਈ ਕੀਤੀ ਜਾਵੇਗੀ।

4. ਸੰਸਥਾ, ਬੋਰਡ ਵੱਲੋਂ ਨਿਰਧਾਰਿਤ ਪਾਠ-ਕ੍ਰਮ ਅਨੁਸਾਰ ਲਗਾਈਆਂ ਪੁਸਤਕਾਂ ਹੀ ਪੜ੍ਹਾਏਗੀ ਤੇ ਵਿਦਿਆਰਥੀਆਂ ਤੋਂ ਫੀਸਾਂ ਵੀ ਵਿਨਿਯਮਾਂ ਅਨੁਸਾਰ ਹੀ ਲਈਆਂ ਜਾਣਗੀਆਂ।

5. ਸੰਸਥਾ ਦਾ ਨਿਰੀਖਣ ਬਾਅਦ ਵਿੱਚ ਕਰਵਾਇਆ ਜਾਵੇਗਾ।

6. ਐਸੋਸੀਏਸ਼ਨ ਸਕੂਲਾਂ ਵਿੱਚ ਜੋ ਮੌਜੂਦਾ ਅਧਿਆਪਕ / ਲੈਕਚਰਾਰ ਪੜ੍ਹਾ ਰਹੇ ਹਨ, ਉਹ ਹੀ ਮੰਨਣਯੋਗ ਹੋਣਗੇ ਅਤੇ ਅੱਗੋਂ ਤੋਂ ਸੰਸਥਾ ਸਿੱਖਿਆ ਵਿਭਾਗ ਵੱਲੋਂ ਨਿਰਧਾਰਿਤ ਯੋਗਤਾ ਅਨੁਸਾਰ ਟ੍ਰੇਂਡ ਅਧਿਆਪਕ ਭਰਤੀ ਕਰਨਗੇ। ਨਿਯੁਕਤੀ ਸਮੇਂ ਬੋਰਡ ਵੱਲੋਂ ਨਿਰਧਾਰਤ ਅਧਿਕਾਰੀ ਵੀ ਸ਼ਾਮਿਲ ਹੋਵੇਗਾ।

7. ਸੰਸਥਾ ਨੂੰ ਦਸਵੀਂ ਪੱਧਰ ਦਾ ਸ਼ਨਾਖਤੀ ਨੰ: / ਸਕੂਲ ਕੋਡ - **'2010229'** ਅਲਾਟ ਕੀਤਾ ਜਾਂਦਾ ਹੈ।

8. **ਐਸੋਸੀਏਸ਼ਨ ਕੰਟੀਨਿਊਏਸ਼ਨ ਫੀਸ 5000/-ਰੁਪਏ 15.09.2011 ਤੱਕ ( ਅਨੁਲੱਗ 'ਬੀ' ਪ੍ਰੋਫਾਰਮੇ ਸਮੇਤ ਦਸਤਾਵੇਜ) ਭਰ ਕੇ ਦਫਤਰ ਵਿੱਚ ਜਮ੍ਹਾਂ ਕਰਵਾਈ ਜਾਵੇ।**

9. 'ਨਮਿਤ ਕੁਮਾਰ V/S ਚੰਡੀਗੜ੍ਹ ਪ੍ਰਸ਼ਾਸਨ ਅਤੇ ਹੋਰ' ਕੇਸ ਵਿੱਚ ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈਕੋਰਟ ਅਤੇ ਸੁਪਰੀਮ ਕੋਰਟ ਵੱਲੋਂ ਲਿਆ ਗਿਆ ਟਰੈਫਿਕ ਨਿਯਮਾਂ ਬਾਰੇ ਫੈਸਲਾ ਸੰਸਥਾ ਤੇ ਇੰਨ ਬਿੰਨ ਲਾਗੂ ਹੋਵੇਗਾ।

10. ਪਿਛਲੇ ਪੰਨੇ 'ਤੇ ਦਰਜ ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਕੀਤੀ ਜਾਵੇ।

ਸਕੱਤਰ
ਪੰਜਾਬ ਸਕੂਲ ਸਿੱਖਿਆ ਬੋਰਡ।

ਨੰਬਰ: ਐਸ:/ਪਸਸਬ-2011/8864-12363

ਮਿਤੀ: 13-06-2011

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1. ਸਬੰਧਤ ਸੰਸਥਾ ਮੁੱਖੀ।
2. ਰਿਕਾਰਡ ਐਸੋਸੀਏਸ਼ਨ ਸ਼ਾਖਾ। (ਦੋ ਕਾਪੀਆਂ)

ਗੁਰਤੇਜ ਸਿੰਘ

ਗੁਰਤੇਜ ਸਿੰਘ
ਡਿਪਟੀ ਡਾਇਰੈਕਟਰ (ਕੰਪਿਊਟਰ ਸੈੱਲ)
ਵਾ: ਸਕੱਤਰ, ਪੰਜਾਬ ਸਕੂਲ ਸਿੱਖਿਆ ਬੋਰਡ।

Download

Download Instructions
Goto Back Print